CALIFORNIA DEPARTMENT OF JUSTICE
OFFICE OF THE ATTORNEY GENERAL

# ਖਪਤਕਾਰ ਚੇਤਾਵਨੀ

## ਕੈਲੀਫੋਰਨੀਆਂ ਦੇ ਕਿਰਾਏਦਾਰ ਵਜੋਂ ਆਪਣੇ ਅਧਿਕਾਰਾਂ ਬਾਰੇ ਜਾਣੋ

- **ਤੁਹਾਨੂੰ ਕੇਵਲ ਅਦਾਲਤੀ ਹੁਕਮ ਰਾਹੀ ਬੇਦਖਲ ਕੀਤਾ ਜਾ ਸਕਦਾ ਹੈ|** ਇੱਕ ਮਕਾਨ ਮਾਲਕ ਦੁਆਰਾ ਤੁਹਾਨੂੰ ਨਿਕਲਣ ਲਈ ਮਜਬੂਰ ਕਰਨ ਲਈ ਬਾਹਰ ਰੱਖਣਾ , ਤੁਹਾਡੀਆਂ ਸਹੂਲਤਾਂ ਬੰਦ ਕਰਨਾ ਜਾਂ ਤੁਹਾਡੀਆਂ ਚੀਜਾਂ ਬਾਹਰ ਕੱਢਣਾ ਗੈਰ ਕਾਨੂੰਨੀ ਹੈ ਜੇਕਰ ਤੁਹਾਨੂੰ ਬੇਦਖਲੀ ਦਾ ਨੋਟਿਸ ਮਿਲਦਾ ਹੈ ਤਾਂ ਤੁਰੰਤ ਕਾਨੂੰਨੀ ਮਦਦ ਲਓ ਜੇਕਰ ਤੁਹਾਡਾ ਮਕਾਨ-ਮਾਲਕ ਅਦਾਲਤ ਵਿੱਚ ਬੇਦਖਲੀ ਲਈ ਫਾਈਲ ਕਰਦਾ ਹੈ ਅਤੇ ਤੁਸੀ ਜਵਾਬ ਦੇਣ ਵਿੱਚ ਅਸਫਲ ਰਹਿੰਦੇ ਹੋ, ਤਾਂ ਅਦਾਲਤ ਤੁਹਾਡੀ ਉਡੀਕ ਕੀਤੇ ਬਿਨਾਂ ਬੇਦਖਲੀ ਦਾ ਹੁਕਮ ਦੇ ਸਕਦੀ ਹੈ।

- **ਤੁਹਾਨੂੰ ਆਮ ਤੌਰ 'ਤੇ ਕੇਵਲ "ਉਚਿਤ ਕਾਰਨ" ਲਈ ਹੀ ਬੇਦਖਲ ਕੀਤਾ ਜਾ ਸਕਦਾ ਹੈ।** ਜੇਕਰ ਤੁਸੀ ਇੱਕ ਸਾਲ ਤੋਂ ਘੱਟ ਸਮੇਂ ਲਈ ਕਿਤੇ ਰਹਿੰਦੇ ਹੋ ਜਾਂ ਕੁਝ ਕਿਸਮਾਂ ਦੀਆਂ ਰਿਹਾਇਸ਼ਾਂ, ਜਿਵੇਂ ਕਿ ਪਿਛਲੇ 15 ਸਾਲਾਂ ਵਿੱਚ ਬਣੇ ਮਕਾਨਾਂ 'ਤੇ ਇਹ ਲਾਗੂ ਨਹੀ ਹੁੰਦਾ। (ਵਿਹਾਰਿਕ ਜਾਬਤਾ § 1946.2.) ਉਚਿਤ ਕਾਰਨ ਵਿੱਚ ਸ਼ਾਮਿਲ ਹੈ:
    - ਕਿਰਾਇਆ ਨਾ ਦੇਣਾ
    - ਤੁਹਾਡੇ ਠੇਕੇ ਦੀ ਇੱਕ ਜਰੂਰੀ ਮਿਆਦ ਨੂੰ ਤੋੜਨਾ
    - ਪਰੇਸ਼ਾਨੀ ਜਾਂ ਬਰਬਾਦੀ ਕਰਨਾ, ਜਾਂ ਗੈਰ-ਕਾਨੂੰਨੀ ਉਦੇਸ਼ਾਂ ਲਈ ਇਮਾਰਤ ਦੀ ਵਰਤੋਂ ਕਰਨਾ
    - ਨਿਵਾਸ 'ਤੇ ਅਪਰਾਧਿਕ ਗਤੀਵਿਧੀ ਵਿੱਚ ਸ਼ਾਮਲ ਹੋਣਾ ਜਾਂ ਤੁਹਾਡੇ ਮਕਾਨ ਮਾਲਕ ਨੂੰ ਫਸਾਉਣਾ
    - ਇਮਾਰਤ ਵਿੱਚ ਕਨੂੰਨੀ ਪਰ੍ਵੇਸ਼ ਦੀ ਆਗਿਆ ਦੇਣ ਤੋਂ ਇਨਕਾਰ ਕਰਨਾ
    - ਇੱਕ ਨਵੀ ਠੇਕਾ ਕਾਗਜ 'ਤੇ ਹਸਤਾਖਰ ਕਰਨ ਤੋਂ ਇਨਕਾਰ ਕਰਨਾ ਜਿਸ ਵਿੱਚ ਤੁਹਾਡੇ ਮੌਜੂਦਾ ਠੇਕੇ ਜਿਹੀਆਂ ਸ਼ਰਤਾਂ ਸ਼ਾਮਲ ਹਨ
    - ਮਾਲਕ ਇਮਾਰਤ ਨੂੰ ਕਿਰਾਏ ਦੀ ਮਾਰਕੀਟ ਤੋਂ ਵਾਪਸ ਲੈ ਰਿਹਾ ਹੈ, ਇਮਾਰਤ ਵਿੱਚ ਰਹਿਣ ਜਾ ਰਿਹਾ ਹੈ, ਇਮਾਰਤ ਨੂੰ ਢਾਹ ਰਿਹਾ ਹੈ ਜਾਂ ਉਸ ਨੂੰ ਕਾਫ਼ੀ ਹੱਦ ਤੱਕ ਮੁੜ ਤਿਆਰ ਕਰ ਰਿਹਾ ਹੈ, ਜਾਂ ਕਿਸੇ ਕਾਨੂੰਨ ਜਾਂ ਆਦੇਸ਼ ਦੀ ਪਾਲਣਾ ਕਰ ਰਿਹਾ ਹੈ ਜਿਸ ਲਈ ਤੁਹਾਨੂੰ ਛੱਡਣ ਦੀ ਲੋੜ ਹੈ।

- **ਤੁਹਾਡਾ ਕਿਰਾਇਆ ਆਮ ਤੌਰ 'ਤੇ ਇੱਕ ਸਾਲ ਵਿੱਚ 10% ਤੋਂ ਵੱਧ ਨਹੀਂ ਵਧਾਇਆ ਜਾ ਸਕਦਾ ਹੈ।** ਤੁਹਾਡੇ ਰਹਿਣ ਦੀ ਜਗਹ੍ਹ ਅਨੁਸਾਰ, ਇਹ ਸੀਮਾ ਹੋਰ ਵੀ ਘੱਟ ਹੋ ਸਕਦੀ ਹੈ। ਇਹ ਸੀਮਾ ਕੁਝ ਕਿਸਮਾਂ ਦੀਆਂ ਰਿਹਾਇਸ਼ਾਂ 'ਤੇ ਲਾਗੂ ਨਹੀ ਹੁੰਦੀ, ਜਿਵੇਂ ਕਿ ਪਿਛਲੇ 15 ਸਾਲਾਂ ਵਿੱਚ ਬਣੇ ਘਰ। (ਵਿਹਾਰਿਕ ਜਾਬਤਾ § 1947.12.) ਤੁਹਾਡਾ ਕਿਰਾਇਆ ਵਧਾਉਣ ਵੇਲੇ, ਤੁਹਾਡੇ ਮਕਾਨ ਮਾਲਕ ਦੁਆਰਾ ਰਸਮੀ ਲਿਖਤੀ ਨੋਟਿਸ ਦੇਣਾ ਜਰੂਰੀ ਹੈ — ਇੱਕ ਕਾਲ, ਸੁਨੇਹਾ, ਜਾਂ ਈਮੇਲ ਕਾਫ਼ੀ ਨਹੀ ਹੈ।

- **ਤੁਹਾਡੇ ਮਕਾਨ-ਮਾਲਕ ਨੂੰ ਸਿਹਤ ਅਤੇ ਸੁਰੱਖਿਆ ਮੁੱਦਿਆਂ ਵਿੱਚ ਸੁਧਾਰ ਕਰਨਾ ਚਾਹੀਦਾ ਹੈ।** ਉਦਾਹਰਨ ਲਈ, ਉਹਨਾਂ ਨੂੰ ਸੁਰੱਖਿਅਤ ਅਤੇ ਕੰਮ ਕਰਨ ਵਾਲੀਆਂ ਨਾਲੀਆਂ ਅਤੇ ਹੀਟਰ ਪਰ੍ਦਾਨ ਕਰਨੇ ਚਾਹੀਦੇ ਹਨ, ਅਤੇ ਇਮਾਰਤ ਕਾਕਰੋਚ ਅਤੇ ਚੂਹਿਆਂ ਤੋਂ ਮੁਕਤ ਹੋਣਾ ਚਾਹੀਦਾ ਹੈ। ਜੇਕਰ ਕੋਈ ਸਿਹਤ ਜਾਂ ਸੁਰੱਖਿਆ ਸੰਬੰਧੀ ਸਮੱਸਿਆ ਹੈ, ਤਾਂ ਆਪਣੇ ਮਕਾਨ ਮਾਲਕ ਨੂੰ ਲਿਖਤੀ ਰੂਪ ਵਿੱਚ ਸੁਧਾਰ ਕਰਨ ਲਈ ਕਹੋ, ਅਤੇ ਆਪਣੀਆਂ ਬੇਨਤੀਆਂ ਦੀਆਂ ਨਕਲਾਂ ਆਪਣੇ ਕੋਲ ਰੱਖੋ।

- **ਤੁਹਾਡੇ ਮਕਾਨ ਮਾਲਕ ਨੂੰ ਤੁਹਾਡੀ ਸੁਰੱਖਿਆ ਜਮਹ੍ਹਾਂ ਰਕਮ ਵਾਪਸ ਕਰਨੀ ਚਾਹੀਦੀ ਹੈ।** ਤੁਹਾਡੇ ਮਕਾਨ-ਮਾਲਕ ਨੂੰ ਤੁਹਾਡੇ ਬਾਹਰ ਜਾਣ ਦੇ 21 ਦਿਨਾਂ ਦੇ ਅੰਦਰ ਤੁਹਾਡੀ ਸੁਰੱਖਿਆ ਡਿਪਾਜ਼ਿਟ ਤੋਂ ਕਿਸੇ ਵੀ ਕਟੌਤੀ ਨੂੰ ਸੂਚੀਬੱਧ ਕਰਨਾ ਚਾਹੀਦਾ ਹੈ। ਕਟੌਤੀਆਂ, ਕਿਰਾਏ ਦਾ ਭੁਗਤਾਨ ਨਾਨਾ ਹੋਣ ਤੇ , ਸਫ਼ਾਈ ਅਤੇ ਆਮ ਟੁੱਟ ਫੁੱਟ ਤੋਂ ਪਰੇ ਦੀ ਮੁਰੰਮਤ ਕਰਨ ਵਰਗੀਆਂ ਚੀਜ਼ਾਂ ਲਈ ਕੀਤੀਆਂ ਜਾ ਸਕਦੀਆਂ ਹਨ ।

- **ਜੇਕਰ ਤੁਹਾਡੀ ਕੋਈ ਅਪੰਗਤਾ ਹੈ ਤਾਂ ਤੁਹਾਡੇ ਮਕਾਨ-ਮਾਲਕ ਨੂੰ ਵਾਜਬ ਰਿਹਾਇਸ਼ ਪਰ੍ਦਾਨ ਕਰਨੀ ਚਾਹੀਦੀ ਹੈ।** ਤੁਹਾਡੇ ਮਕਾਨ-ਮਾਲਕ ਨੂੰ ਤੁਹਾਡੀ ਕਿਰਾਏ ਦੀ ਇਮਾਰਤ ਵਿੱਚ ਵਾਜਬ ਭੌਤਿਕ ਸੋਧਾਂ ਕਰਨ ਦੀ ਇਜਾਜ਼ਤ ਵੀ ਦੇਣੀ ਚਾਹੀਦੀ ਹੈ।

- **ਤੁਹਾਡਾ ਮਕਾਨ-ਮਾਲਕ ਤੁਹਾਡੇ ਨਾਲ ਵਿਤਕਰਾ ਨਹੀ ਕਰ ਸਕਦਾ।** ਨਸਲ, ਧਰਮ, ਲਿੰਗ, ਜਿਨਸੀ ਰੁਝਾਨ, ਅਪਾਹਿਜ ਸਥਿਤੀ, ਵਿਆਹੁਤਾ ਸਥਿਤੀ, ਆਮਦਨੀ ਦੇ ਸਰੋਤ, ਅਨੁਭਵੀ ਸਥਿਤੀ, ਜਾਂ ਕੁਝ ਹੋਰ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਵਿਤਕਰਾ ਗੈਰ-ਕਾਨੂੰਨੀ ਹੈ।

- **ਮਕਾਨ ਮਾਲਕ ਤੁਹਾਡੇ ਕਿਰਾਏਦਾਰ ਅਧਿਕਾਰਾਂ ਦੀ ਵਰਤੋਂ ਕਰਨ ਤੇ ਤੁਹਾਨੂੰ ਕਸੂਰਵਾਰ ਨਹੀ ਠਹਿਰਾ ਸਕਦਾ** ਮਕਾਨ ਮਾਲਕ ਜਾਣ ਲਈ ਦਬਾਅ ਪਾਉਣ ਲਈ, ਤੁਹਾਡੀ ਇਮੀਗਰੇਸ਼ਨ ਸਥਿਤੀ ਦਾ ਖੁਲਾਸਾ ਕਰਨ ਦੀ ਧਮਕੀ ਨਹੀਂ ਦੇ ਸਕਦਾ, ਜਾਂ ਤੁਹਾਨੂੰ ਪਰੇਸ਼ਾਨ ਕਰਨ ਜਾਂ ਤੁਹਾਡੇ ਵਿਰੁੱਧ ਬਦਲਾ ਲੈਣ ਲਈ ਕਾਨੂੰਨਨ ਤੁਹਾਡੀ ਇਮੀਗਰੇਸ਼ਨ ਸਥਿਤੀ ਨੂੰ ਨਹੀ ਵਰਤ ਸਕਦਾ।

- **ਤੁਹਾਡੇ ਕੋਲ ਹੋਰ ਵੀ ਅਧਿਕਾਰ ਹੋ ਸਕਦੇ ਹਨ** ਤੁਹਾਡੇ ਕੋਲ ਸਥਾਨਕ ਕਿਰਾਇਆ ਨਿਯੰਤਰਣ, ਕਿਰਾਏ ਦੀ ਸਥਿਰਤਾ, ਜਾਂ ਬੇਦਖਲੀ ਕਾਨੂੰਨਾਂ ਦੇ ਅਧੀਨ ਹੋਰ ਅਧਿਕਾਰ ਹੋ ਸਕਦੇ ਹਨ। ਆਪਣੀ ਸਥਾਨਕ ਸਰਕਾਰ ਦੀ ਵੈੱਬਸਾਈਟ 'ਤੇ ਜਾ ਕੇ ਦੇਖੋ ਕਿ ਤੁਸੀ ਜਿੱਥੇ ਰਹਿੰਦੇ ਹੋ ਉੱਥੇ ਕਿਹੜੇ ਨਿਯਮ ਹਨ।

**ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਮਕਾਨ-ਮਾਲਕ ਨੇ ਤੁਹਾਡੇ ਕਿਰਾਏਦਾਰ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਜਾਂ ਤੁਹਾਨੂੰ ਬੇਦਖਲੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਜਿੰਨੀ ਜਲਦੀ ਹੋ ਸਕੇ ਕਾਨੂੰਨੀ ਮਦਦ ਲਉ।** ਜੇਕਰ ਤੁਸੀ ਵਕੀਲ ਨਹੀ ਲੈ ਸਕਦੇ, ਮੁਫ਼ਤ ਜਾਂ ਘੱਟ ਕੀਮਤ ਦੀ ਕਾਨੂੰਨੀ ਮਦਦ ਲੈ ਸਕਦੇ ਹੋ : ਕਲਿੱਕ ਕਰੋ LawHelpCA.org. ਜੇਕਰ ਤੁਸੀ ਕਾਨੂੰਨੀ ਸਹਾਇਤਾ ਲਈ ਯੋਗ ਨਹੀ ਹੋ ਅਤੇ ਤੁਹਾਨੂੰ ਵਕੀਲ ਲੱਭਣ ਵਿੱਚ ਮਦਦ ਦੀ ਲੋੜ ਹੈ, ਤਾਂ ਕੈਲੀਫੋਰਨੀਆ ਪਰ੍ਾਂਤ ਦੇ ਪਰ੍ਮਾਣਿਤ ਵਕੀਲ ਲਈ calbar.ca.gov/Public/Need-Legal-Help/Using-a-Certified-Lawyer-Referral-Service ਤੇ ਜਾਉ. ਜੇਕਰ ਤੁਹਾਨੂੰ ਕਾਨੂਨੀ ਸਹਾਇਤਾ ਨਹੀ ਮਿਲ ਰਹੀ ਤਾਂ ਬੇਦਖਲੀ ਦਾ ਸਾਹਮਣਾ ਕਰ ਰਹੇ ਕਿਰਾਏਦਾਰਾਂ ਲਈ ਕੈਲੀਫੋਰਨੀਆ ਅਦਾਲਤ ਦੇ ਸਵੈ-ਸਹਾਇਤਾ ਸਰੋਤਾਂ ਲਈ selfhelp.courts.ca.gov/eviction-tenant ਤੇ ਜਾਉ.

ਹੋਰ ਜ਼ਿਆਦਾ ਜਾਣਕਾਰੀ ਲਈ, ਕਲਿਕ ਕਰੋ oag.ca.gov/housing.